Surrey Schools
LEADERSHIP IN LEARNING

Tel: 604.596.7733
www.surreyschools.ca

# ਸਕੂਲਾਂ ਵਿੱਚ ਪਾਰਕਿੰਗ ਅਤੇ ਆਵਾਜਾਈ ਤੋਂ ਬੱਚਿਆਂ ਦੀ ਸੁਰਖਿਆ
## School Parking and Traffic Safety

ਬੱਚਿਆਂ ਦੀ ਸੁਰਖਿਆ, ਸਕੂਲਾਂ ਦੀਆਂ ਇਮਾਰਤਾਂ ਵਿੱਚ, ਖੇਲ੍ਹਣ ਦੇ ਮੈਦਾਨ ਵਿੱਚ ਅਤੇ ਕਾਰਾਂ ਦੇ ਪਾਰਕਿੰਗ ਲਾਟਾਂ ਵਿੱਚ ਸਰ੍ਹੀ ਸਕੂਲ ਡਿਸਟਰਿਕਟ ਲਈ ਹੋਰ ਕੰਮਾਂ ਕਾਰਾਂ ਨਾਲੋਂ ਪਹਿਲ ਰੱਖਦੀ ਹੈ ।

ਇਸ ਦੇ ਵਿੱਚ ਕੋਈ ਸ਼ੱਕ ਨਹੀਂ ਕਿ ਸਕੂਲ ਦੇ ਆਂਢ ਗੁਆਂਢ ਦੀ ਆਵਾਜਾਈ ਨੂੰ ਮੁੱਖ ਰਖੱਦੇ ਹੋਏ, ਸਕੂਲ ਦੇ ਗੁਆਂਢ ਦੇ ਘਰਾਂ ਦੇ ਅੰਦਰ ਹਾਜ਼ਿਰ ਹੋਣ ਵਾਲੀ ਸੜਕ ਦੀ ਕਦਰ ਕਰਦੇ ਹੋਏ, ਸ਼ਹਿਰ ਦੇ ਆਵਾਜਾਈ ਦੇ ਕਨੂੰਨਾਂ ਦੀ ਪਾਲਣਾ ਕਰਦੇ ਹੋਏ ਅਤੇ ਸਭ ਤੋਂ ਜ਼ਰੂਰੀ ਬੱਚਿਆਂ ਦੀ ਸੁਰਖਿਆ ਨੂੰ ਮੁੱਖ ਰਖੱਦੇ ਹੋਏ, ਆਵਾਜਾਈ ਦਾ ਠੀਕ ਤਰੀਕੇ ਨਾਲ ਚਲਣਾਂ ਅਤੇ ਪਾਰਕਿੰਗ ਲਈ ਥਾਂ ਲਈ ਕਾਫੀ ਮੁਸੀਬਤਾਂ ਆਂਓਦੀਆਂ ਹਨ ।

ਇਹ ਸਮਸਿਆ ਓਦੋਂ ਕਾਫੀ ਵੱਧ ਜਾਂਦੀ ਹੈ ਜਦੋਂ ਇੱਕ ਬਲਾਕ ਦੇ ਵਿੱਚ ਜਾਂ ਅੱਧੇ ਬਲਾਕ ਦੇ ਵਿੱਚ ਕਈ ਸੌ ਕਾਰ ਦੇ ਖੜਨ ਲਈ ਥਾਂ ਦੀ ਜ਼ਰੂਰਤ ਪੈਂਦੀ ਹੈ । ਲੇਕਿਨ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਸਕੂਲ ਦੇ ਆਲੇ ਦੁਆਲੇ ਆਵਾਜਾਈ ਬਾਰੇ ਅਤੇ ਕਾਰਾਂ ਦੇ ਪਾਰਕਿੰਗ ਦੀ ਥਾਂ ਬਾਰੇ ਕਾਫੀ ਵਿਚਾਰ ਕੀਤੀ ਜਾਂਦੀ ਹੈ ਲੇਕਿਨ ਇਸ ਵਿਚਾਰ ਵਿੱਚ ਬੱਚਿਆਂ ਦੀ ਸੁਰਖਿਆ ਸਭ ਤੋਂ ਓਤਮ ਰੱਖੀ ਜਾਂਦੀ ਭਾਵੇਂ ਇਸ ਤਰਾਂ ਕਰਨ ਨਾਲ ਕਾਰਾਂ ਵਾਲਿਆਂ ਨੂੰ ਕਾਰਾਂ ਖੜੀਆਂ ਕਰਨ ਵਿੱਚ ਕੁੱਝ ਔਖਿਆਈ ਕਿਓਂ ਨਾ ਆਵੇ ।

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਜਿਹੜੇ ਮਾਪੇ ਜਾਂ ਬੱਚਿਆਂ ਦੇ ਸਾਕ ਸਬੰਧੀ ਸਕੂਲ ਤੋਂ ਆਪਣੇ ਬੱਚਿਆਂ ਨੂੰ ਚੁੱਕਦੇ ਹਨ ਜਾਂ ਸਕੂਲ ਛੱਡਣ ਆਓਂਦੇ ਹਨ, ਓਹ ਬੱਚਿਆਂ ਦੀ ਸੁਰਖਿਆ ਲਈ ਸਕੂਲ ਦੇ ਇਰਦ ਗਿਰਦ ਲੱਗੀਆਂ ਆਵਾਜਾਈ ਦੀਆਂ ਨਿਸ਼ਾਨੀਆਂ ਅਤੇ ਆਵਾਜਾਈ ਦੇ ਤੌਰ ਤਰੀਕਿਆਂ ਦੀ ਪਾਲਣਾ ਕਰਨ ।

ਕਈਆਂ ਸਕੂਲਾਂ ਵਿੱਚ ਸਿਰਫ ਇੱਕ ਪਾਸੇ ਹੀ ਚਲਣ ਵਾਲੇ ਰਸਤੇ ਹਨ, ਕਾਰਾਂ ਮੋੜਨ ਲਈ ਪੂਰੀ ਥਾਂ ਨਹੀਂ ਹੈ ਅਤੇ ਬੱਚਿਆਂ ਦੇ ਚੁੱਕਣ ਅਤੇ ਛੱਡਣ ਲਈ ਇੱਕ ਖਾਸ ਥਾਂ ਨਿਯੁਕਤ ਕੀਤੀ ਹੈ ਸਾਰਿਆਂ ਦੀ ਸੁਰਖਿਆ ਲਈ । ਆਵਾਜਾਈ ਦੇ ਕਨੂੰਨਾਂ ਦੀ ਓਲੰਘਣਾ ਕਰਨ ਨਾਲ ਡਰਾਈਵਰ ਵੀ ਅਤੇ ਬੱਚੇ ਵੀ ਨੁਕਸਾਨ ਦੇ ਪਾਤਰ ਬਣ ਸਕਦੇ ਹਨ । ਜਿਹੜੀਆਂ ਥਾਵਾਂ ਬੱਚਿਆਂ ਦੇ ਚੁੱਕਣ ਅਤੇ ਛੱਡਣ ਲਈ ਨਿਯੁਕਤ ਕੀਤੀਆਂ ਹਨ, ਓਹਨਾਂ ਥਾਵਾਂ ਦੀ ਗਲਤ ਵਰਤੋਂ ਕਰਨ ਨਾਲ ਖਤਰਾ ਵੱਧਦਾ ਹੈ ਅਤੇ ਇਹ ਗੈਰ ਕਾਨੂੰਨੀ ਵੀ ਹੈ ਭਾਵੇਂ ਕੁੱਝ ਸਕਿੰਟਾਂ ਲਈ ਵੀ ਹੋਵੇ ।

ਕਈ ਸਕੂਲ ਵਿੱਚ ਇਹ ਵੀ ਜ਼ਰੂਰੀ ਹੈ ਕਿ ਵਾਤਾਵਰਨ ਦੀ ਦੇਖ ਭਾਲ ਲਈ, ਕਾਰਾਂ ਦੇ ਇੰਜਨ ਬੰਦ ਕਰ ਲਏ ਜਾਣ ਅਤੇ ਖੜੀਆਂ ਕਾਰਾਂ ਦੇ ਇੰਜਨ ਬੰਦ ਰਹਿਣ । ਜਿਹੜੇ ਡਰਾਈਵਰ ਇਸ ਤਰਾਂ ਸਮੇਂ ਸਹਿਯੋਗ ਨਹੀਂ ਦਿੰਦੇ ਓਹਨਾਂ ਨੂੰ ਸਕੂਲ ਦੇ ਕਰਮਚਾਰੀ ਜਾਂ ਵਿਦਿਆਰਥੀ ਠੀਕ ਤਰਾਂ ਨਾਲ ਪੇਸ਼ ਆਓਣ ਲਈ ਜ਼ਰੂਰ ਮਿਲਣਗੇ ।

ਡਰਾਈਵਰਾਂ ਲਈ ਕੁੱਝ ਸੁਝਾਅ :

- ਸਕੂਲ ਤੋਂ ਥੋੜਾ ਦੂਰ ਬੱਚਿਆਂ ਨੂੰ ਓਤਾਰ ਦਿਓ, ਆਮ ਤੌਰ ਤੇ ਬਹੁਤੇ ਬੱਚੇ ਸਕੂਲ ਦੇ ਨਜ਼ਦੀਕ ਹੀ ਰਹਿੰਦੇ ਹਨ । ਜਾਂ ਆਪਣੇ ਬੱਚੇ ਹੋਰ ਮਾਪੇ ਜੋ ਤੁਰ ਰਹੇ ਹਨ, ਓਹਨਾਂ ਨਾਲ ਰਲਾ ਕਿ "ਇੱਕ ਤੁਰਿਆਂ ਦੀ ਬੱਸ" ਬਣਾ ਦਿਓ ।
- ਸਕੂਲਾਂ ਦੇ ਆਲੇ ਦੁਆਲੇ ਸਵੇਰੇ 8 ਤੋਂ ਸ਼ਾਮ ਦੇ 5 ਵਜੇ ਤੱਕ ਵੱਧ ਤੋਂ ਵੱਧ ਕਾਰ ਦੀ ਸਪੀਡ 30 ਕਿਲੋਮੀਟਰ ਹੈ ।
- ਜਦੋਂ ਕਿਸੇ ਸਕੂਲ ਬੱਸ ਦੀਆਂ ਲਾਈਟਾਂ ਜਗ ਬੁੱਝ ਰਹੀਆਂ ਹੋਣ ਤਾਂ ਰੁੱਕ ਜਾਓ – ਇਹ ਕਾਨੂੰਨ ਵੀ ਹੈ ।
- ਜਦੋਂ ਬੱਚੇ ਕਾਰ ਵਿੱਚੋਂ ਓਤਰਦੇ ਹਨ ਤਾਂ ਪਗਡੰਡੀ ਵਲ ਓਤਰਨ, ਆਵਾਜਾਈ ਵਾਲੇ ਪਾਸੇ ਨਾ ਓਤਰਨ ।
- ਆਪਣੇ ਤੋਂ ਅੱਗੇ ਵਾਲੇ ਡਰਾਈਵਰ ਵਲ ਧਿਆਨ ਦਿਓ, ਹੋ ਸਕਦਾ ਹੈ ਕਿ ਓਹ ਤੁਰਨ ਵਾਲਿਆਂ ਲਈ ਰੁਕਿਆ ਹੋਵੇ ।
- ਪੈਦਲ ਚੱਲਣ ਵਾਲਿਆਂ ਲਈ ਸਦਾ ਹੀ ਰੁਕੋ ਜਦੋਂ ਓਹ ਸੜਕ ਪਾਸ ਕਰ ਰਹੇ ਹੋਣ ।

ਬੱਚਿਆਂ ਲਈ ਸੁਝਾਅ :



- ਸੜਕ ਨੂੰ ਪੈਦਲ ਤੁਰ ਕੇ ਪਾਰ ਕਰੋ ਨਾਂ ਕਿ ਭੱਜ ਕਿ ਪਾਰ ਕਰੋ ।
- ਸੜਕ ਪਾਰ ਕਰਨ ਤੋਂ ਪਹਿਲਾਂ ਦੋਨੋਂ ਪਾਸੇ ਦੇਖੋ ਕਿ ਕਾਰਾਂ ਰੁੱਕ ਗਈਆਂ ਹਨ, ਆਪਣੇ ਮੋਢੇ ਓਪਰ ਮੁੜ ਰਹੀ ਕਾਰ ਨੂੰ ਦੇਖੋਂ ।
- ਸੜਕ ਪਾਰ ਕਰਨ ਵੇਲੇ ਰੁਕੇ ਹੋਏ ਡਰਾਈਵਰ ਦੀਆਂ ਅੱਖਾ ਵਲ ਦੇਖੋ ਕਿ ਓਹਨੇ ਤੁਹਾਨੂੰ ਦੇਖ ਲਿਆ ਹੈ ।
- ਸੜਕ ਗੈਰ ਕਾਨੂੰਨੀ ਨਾਂ ਪਾਸ ਕਰੋ । ਜਿਥੇ ਪਾਰ ਕਰਨ ਲਈ ਲਾਈਨਾਂ ਲੱਗੀਆਂ ਹਨ, ਓਥੋਂ ਹੀ ਪਾਰ ਕਰੋ ।
- ਸੜਕ ਪਾਰ ਕਰਨ ਵੇਲੇ ਫੋਨ ਜਾਂ ਹੈਡਫੋਨ ਆਦਿ ਦੀ ਵਰਤੋਂ ਨਾ ਕਰੋ, ਤੁਹਾਡੇ ਹੱਥ ਵਿੱਚ ਕੋਈ ਵੀ ਵਸਤੂ ਨਹੀਂ ਚਾਹੀਦੀ ।